ਵਿਸ਼ਾ – ਪੰਜਾਬੀ ਜਮਾਤ – ਦਸਵੀਂ

**ਦੂਰਦਰਸ਼ਨ ਦੇ ਡਾਇਰੈਕਟਰ ਨੂੰ ਪ੍ਰੋਗਰਾਮਾਂ ਨੂੰ ਚੰਗੇਰਾ ਬਣਾਉਣ ਲਈ ਸੁਝਾ ਪੱਤਰ ।**

ਸੇਵਾ ਵਿਖੇ

**ਡਾਇਰੈਕਟਰ ਸਾਹਿਬ ,**

**ਦੂਰਦਰਸ਼ਨ ਕੇਂਦਰ ,**

**ਜਲੰਧਰ ।**

**ਵਿਸ਼ਾ – ਦੂਰਦਰਸ਼ਨ ਦੇ ਪ੍ਰੋਗਰਾਮਾਂ ਨੂੰ ਚੰਗੇਰਾ ਬਣਾਉਣ ਸੰਬੰਧੀ ਪੱਤਰ ।**

ਸ੍ਰੀ ਮਾਨ ਜੀ ,

ਬੇਨਤੀ ਹੈ ਕਿ ਆਪ ਵੱਲੋਂ ਹਫਤੇ ਵਿਚ ਦੋ ਵਾਰੀ ਦੂਰਦਰਸ਼ਨ ਤੋਂ ਵੱਖ ਵੱਖ ਕਲਾਸਾਂ ਦੇ ਵਿਦਿਆਰਥੀਆਂ ਲਈ ਜੋ ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਹੈ ,ਉਹ ਬਹੁਤ ਹੀ ਸੂਝਬੂਝ ਭਰਿਆ ਤੇ ਉਸਾਰੂ ਹੁੰਦਾ ਹੈ।ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਹੈ। ਇਨ੍ਹਾਂ ਪ੍ਰੋਗਰਾਮਾਂ ਵਿਚ ਇਮਤਿਹਾਨ ਦੇ ਦ੍ਰਿਸ਼ਟੀਕੋਣ ਤੋਂ ਜਰੂਰੀ ਪਾਠਾਂ ਅਤੇ ਵਿਸ਼ਿਆਂ ਸੰਬੰਧੀ ਵਧੇਰੇ ਚਰਚਾ ਕਰਨੀ ਚਾਹੀਦੀ ਹੈ।ਇਸ ਵਿਚ ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਕਰਨ ਸਬੰਧੀ ਤੇ ਪ੍ਰਸ਼ਨਾਂ ਦੇ ਢੁੱਕਵੇਂ ਉੱਤਰ ਦੇਣ ਬਾਰੇ ਵਿਸ਼ੇਸ਼ ਜਾਣਕਾਰੀ ਵੀ ਦੇਣੀ ਚਾਹੀਦੀ ਹੈ। ਪ੍ਰੀਖਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਪ੍ਰੋਗਰਾਮ ਹਫ਼ਤੇ ਵਿੱਚ ਚਾਰ ਦਿਨ ਕੀਤਾ ਜਾਣਾ ਚਾਹੀਦਾ ਹੈ।

ਆਸ ਹੈ ਕਿ ਤੁਸੀਂ ਮੇਰੇ ਦੁਆਰਾ ਦਿੱਤੇ ਗਏ ਸੁਝਾਵਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਪ੍ਰੋਗਰਾਮ ਨੂੰ ਵਿਦਿਆਰਥੀਆਂ ਲਈ ਹੋਰ ਵਧੇਰੇ ਲਾਭਦਾਇਕ ਬਣਾਉਣ ਦਾ ਯਤਨ ਕਰੋਂਗੇ ।

ਧੰਨਵਾਦ ਸਹਿਤ ।

ਆਪਜੀ ਦਾ ਵਿਸ਼ਵਾਸਪਾਤਰ,

ਮਿਤੀ -..../.../2020 ਅਰਵਿੰਦ ਕੁਮਾਰ ( ਅਬੋਹਰ )

